## ACNC ਕੀ ਕਰਦੀ ਹੈ ?

ACNC:

- ਦਾਨ ਸੰਸਥਾ ਨੂੰ ਨਾ-ਮੁਨਾਫਾ-ਲਈ, ਚੈਰੀਟੇਬਲ ਮਕਸਦ ਨਾਲ, ਜੋ ਕਿ ਜਨਤਾ ਦੇ ਲਾਭ ਵਾਸਤੇ (ਪ੍ਰਾਈਵੇਟ ਲਾਭ ਲਈ ਨਹੀਂ) ਰਜਿਸਟਰ ਕਰਦੀ ਹੈ
- ਦਾਨ ਸੰਸਥਾਵਾਂ ਨੂੰ ਸਮਝਣ ਅਤੇ ਆਪਣੇ ਫਰਜ਼ ਨੂੰ ਪੂਰਾ ਕਰਨ ਵਾਸਤੇ ਜਾਣਕਾਰੀ, ਅਗਵਾਈ, ਨਸੀਅਤ ਅਤੇ ਸਹਾਇਤਾ ਪ੍ਰਦਾਨ ਕਰਦੀ ਹੈ
- ਆਸਟ੍ਰੇਲੀਆ ਵਿਚ ਸਾਰੀਆਂ ਰਜਿਸਟਰ ਹੋਈਆਂ ਦਾਨ-ਸੰਸਥਾਵਾਂ ਦਾ ਆਨ-ਲਾਈਨ ਮੁਫਤ ਦੇਖਿਆ ਜਾਣ ਵਾਲਾ ਰਜਿਸਟਰ ਰੱਖਣਾ
- ਵਿਕਾਸ ਕਰਨਾਂ, ਵਾਰ-ਵਾਰ ਵਰਤੀ ਜਾਣ ਵਾਲੀ ਰਿਪੋਰਟ ਬਣਾਉਣੀ, ਅਕਸਰ', ਚੈਰਿਟੀ ਲਈ ਲਾਲ ਟੇਪ ਨੂੰ ਘੱਟ ਕਰਨ ਲਈ ਫਰੇਮਵਰਕ, ਕਾਮਨਵੈਲਥ ਅਤੇ ਰਾਜ ਅਤੇ ਇਲਾਕੇ ਅਤੇ ਆਦਾਰਿਆਂ ਦੀਆਂ ਸਰਕਾਰਾਂ ਵਾਸਤੇ ਰਿਪੋਰਟ ਅਤੇ ਦਾਨ ਸੰਸਥਾਵਾਂ ਵਾਸਤੇ ਉਨਤੀ ਭਰਪੂਰ ਕੰਮ ਕਰਨਾਂ
- ਦਾਨ-ਸੰਸਥਾਵਾਂ ਬਾਰੇ ਹੋਈਆਂ ਸ਼ਕਾਇਤਾਂ ਦੀ ਪੜਤਾਲ ਕਰਨਾਂ, ਮਿਸਾਲ ਦੇ ਤੌਰ ਤੇ ਲਾਏ ਗਏ ਦੋਸ਼, ਧੋਖਾਧੜੀ ਜਾਂ ਗੰਭੀਰ ਮਾੜੇ ਪ੍ਰਬੰਧ ਬਾਰੇ ਚਿੰਤਾ

## ACNC ਕੀ ਨਹੀਂ ਕਰਦੀ?

ACNC ਨਾਂ ਦਾਨ ਵਾਲੀਆਂ ਸੰਸਥਾਵਾਂ ਦੀਆਂ NFPs ਨੂੰ ਰੈਗੂਲੇਟ ਨਹੀਂ ਕਰਦੀ। ਸੰਸਥਾਵਾਂ ਦੀਆਂ ਕੁਝ ਚਿੰਤਾਵਾਂ ਵੀ ਹਨ ਜੋ ਸਾਡੀ ਜ਼ਿੰਮੇਵਾਰੀ ਤਹਿਤ ਫਿੱਟ ਨਹੀਂ। ਮਿਸਾਲ ਵਜੋਂ, ਅਸੀਂ ਆਮ ਤੌਰ ਤੇ ਸੰਸਥਾ ਦੇ ਅੰਦਰੂਨੀ ਝਗੜੇ ਦੀ ਪੜਤਾਲ ਨਹੀਂ ਕਰਦੇ, ਗੰਭੀਰ ਮਾਮਲੇ ਨੂੰ ਛੱਡ ਕੇ, ਜਿਸ ਵਿਚ ਆਮ ਤੌਰ ਤੇ ਜਨਤਕ ਭਰੋਸੇ ਅਤੇ ਵਿਸ਼ਵਾਸ ਲਈ ਖ਼ਤਰਾ ਹੋ ਸਕਦਾ ਹੋਵੇ।

## ਵਧੇਰੀ ਜਾਣਕਾਰੀ ਅਤੇ ਸਹਾਇਤਾ

ਹੋਰ ਵੀ ਬਹੁਤ ਰਸਤੇ ਹਨ ਜਿਨ੍ਹਾਂ ਦੁਆਰਾ ਤੁਸੀਂ ACNC ਬਾਰੇ ਵਧੇਰੇ ਜਾਣਕਾਰੀ ਅਤੇ ਤੁਹਾਡੀ ਦਾਨ-ਸੰਸਥਾ ਨਾਲ ਅਸੀਂ ਕਿਸ ਤਰਾਂ ਕੰਮ ਕਰਦੇ ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

- ACNC ਦੀ ਵੈਬਸਾਈਟ acnc.gov.au ਤੇ ਜਾਓ
- 13 ACNC (13 22 62) ਨੰਬਰ ਤੇ ਫੋਨ ਕਰੋ
- advice@acnc.gov.au ਤੇ ਈਮੇਲ ਕਰੋ
- ACNC ਦੀਆਂ ਸਲਾਹ ਸੇਵਾਵਾਂ ਨੂੰ GPO Box 5108, Melbourne VIC 3001, ਤੇ ਪੱਤਰ ਲਿਖੋ, ਜਾਂ
- 1300 232 569 ਨੰਬਰ ਤੇ ਫੈਕਸ ਕਰੋ।

ਸਾਡੀ ਵੈਬਸਾਈਟ ਦੁਆਰਾ ਈਮੇਲ ਅਪ-ਡੇਟ ਕਰਨ ਵਾਸਤੇ ਦਸਤਖਤ ਕਰੋ, ਜਾਂ ਸਾਨੂੰ ਫੇਸਬੁਕ ਜਾਂ ਟਵਿਟਰ ਤੇ ਦੇਖੋ।

### ਸੋਸ਼ਲ ਮੀਡੀਆ ਨੂੰ:

ਟਵਿੱਟਰ
acnc_gov_au

ਯੂ ਟਿਊਬ
acncvideos

ਫੇਸਬੁੱਕ
acnc.gov.au

### ਅਨੁਵਾਦ ਅਤੇ ਦੁਭਾਸ਼ੀਆ ਸੇਵਾ ਅਤੇ ਨੈਸ਼ਨਲ ਰਿਲੇਅ ਸੇਵਾ:

NATIONAL RELAY SERVICE

TTY- 13 36 77 ਨੰਬਰ ਤੇ ਫੋਨ ਕਰੋ ਤੇ 13 22 62 ਨਾਲ ਗੱਲ ਕਰੋ, ਗੱਲ ਕਰਨ ਅਤੇ ਸੁਣਨ ਵਾਸਤੇ 1300 555 727 ਤੇ ਫੋਨ ਕਰੋ ਤੇ 13 22 62 ਨਾਲ ਗੱਲ ਕਰੋ

Interpreter

TIS ਨੂੰ 13 14 50 ਨੰਬਰ ਤੇ ਫੋਨ ਕਰੋ, ਦੋ-ਭਾਸ਼ੀਏ ਵਾਸਤੇ ਕਹੋ ਅਤੇ ਫਿਰ 13 22 62 ਨੰਬਰ ਨਾਲ ਫੋਨ ਮਿਲਾਉਣ ਵਾਸਤੇ ਕਹੋ।

Australian Government

Australian Charities and Not-for-profits Commission



# ਕੀ ਤੁਸੀਂ ਬਿਨਾਂ ਲਾਭ ਕੁਝ ਚਲਾਉਂਦੇ ਹੋ?

ਇਹ ਕੋਈ ਰਜਿਸਟਰਡ ਦਾਨ-ਸੰਸਥਾ ਵੀ ਹੋ ਸਕਦੀ ਹੈ

acnc.gov.au

## ਆਸਟਰੇਲੀਆ ਦੀਆਂ ਦਾਨ-ਸੰਸਥਾਵਾਂ ਤੇ ਕਮਿਸ਼ਨ ਬਿਨਾਂ ਲਾਭ (ACNC) ਆਸਟਰੇਲੀਆ ਦੀ ਸੁਤੰਤਰ ਦਾਨ-ਸੰਸਥਾ ਰੈਗੂਲੇਟਰ ਹੈ। ਬਹੁਤ ਸਾਰੀਆਂ ਬਿਨਾਂ ਲਾਭ (NFPs) ਦਾਨ-ਸੰਸਥਾਵਾਂ ਨਹੀਂ ਹਨ, ਪਰ ਤਹਾਡੀ ਹੋ ਸਕਦੀ ਹੈ ਜੇ ਤੁਸੀਂ ਇਸ ਨੂੰ ACNC ਨਾਲ ਰਜਿਸਟਰ ਕੀਤਾ ਹੋਵੇ।

ਤੁਹਾਡੀ NFP, ACNC ਨਾਲ ਰਜਿਸਟਰ ਹੋ ਸਕਦੀ ਹੈ ਭਾਂਵੇ ਤੁਸੀਂ ਇਸਨੂੰ ਦਾਨ-ਸੰਸਥਾ ਨਾਂ ਵੀ ਸਮਝਦੇ ਹੋਵੋ। ਕੀ ਇਸ ਨੂੰ 3 ਦਸੰਬਰ 2012 ਨੂੰ ਆਰੰਭ ਹੋਣ ਵਾਲੀ ACNC ਤੋਂ ਪਹਿਲਾਂ ਟੈਕਸ ਛੋਟ ਮਿਲੀ ਸੀ? ਜੇਕਰ ਮਿਲੀ ਸੀ ਤਾਂ ਕੀ ਇਸ ਨੂੰ ਆਸਟ੍ਰੇਲੀਅਨ ਕਰ ਵਿਭਾਗ ਤੋਂ ਦਾਨ ਟੈਕਸ ਰਾਹਤ ਮਿਲੀ ਸੀ ਅਤੇ ਸਾਡੇ ਨਾਲ ਆਪਣੇ ਆਪ ਹੀ ਰਜਿਸਟਰ ਕੀਤਾ ਗਿਆ ਸੀ।

## ਕੀ ਤੁਹਾਡੀ NFP ਰਜਿਸਟਰਡ ਦਾਨ-ਸੰਸਥਾ ਹੈ?

> ! ACNC ਰਜਿਸਟਰ ਦੀ cnc.gov.au/findacharity ਵੈਬਸਾਈਟ ਉਤੇ ਨਾਮ ਜਾਂ ਆਸਟਰੇਲੀਅਨ ਵਪਾਰ ਨੰਬਰ (ABN) ਦੁਆਰਾ ਆਪਣੇ NFP ਦੀ ਖੋਜ ਕਰੋ।

ਜੇਕਰ ਤੁਹਾਡਾ NFP, ACNC ਰਜਿਸਟਰ ਵਿਚ ਹੈ ਤਾਂ ਇਹ ਇਕ ਰਜਿਸਟਰਡ ਦਾਨ-ਸੰਸਥਾ ਹੈ। ਜੇ ਇਸ ਵਿਚ ਨਹੀਂ ਅਤੇ ਤੁਸੀਂ ਸੋਚਦੇ ਹੋ, ਹੋਣੀ ਚਾਹੀਦੀ ਹੈ ਤਾਂ ਸਾਡੇ ਨਾਲ ਤਾਲ-ਮੇਲ ਕਰੋ।

ਜੇ ਇਹ ਰਜਿਸਟਰ ਨਹੀਂ ਹੈ, ਤੁਸੀਂ ਇਸਨੂੰ ਰਜਿਸਟਰ ਕਰਨ ਦੀ ਅਰਜੀ ਦੇ ਸਕਦੇ ਹੋ। ਇਸਦੇ ਲਾਭ ਹਨ, ਰਜਿਸਟਰ ਹੋਣ ਨਾਲ (ਰਾਸ਼ਟਰਮੰਡਲ ਦਾਨ ਟੈਕਸ ਰਾਹਤ ਵੀ ਸ਼ਾਮਲ ਹੈ) ਪਰ ਇਹ ਸਵੈ-ਇੱਛਕ ਹੈ।

## ਰਜਿਸਟਰਡ ਦਾਨ-ਸੰਸਥਾਵਾਂ ਨੂੰ ਕੀ ਕਰਨਾਂ ਪੈਂਦਾ ਹੈ?

### ਵੇਰਵੇ ਚੈੱਕ ਕਰੋ

ਪਹਿਲਾਂ ਚੈੱਕ ਕਰੋ ਕਿ ACNC ਪਾਸ ਤੁਹਾਡੀ ਮੌਜੂਦਾ ਸੰਪਰਕ ਈਮੇਲ ਹੈ, ਜਿਹੜੀ ਤੁਹਾਨੂੰ ਰਸਮੀ ਦਸਤਾਵੇਜ ਭੇਜਣ ਵਾਸਤੇ ਵਰਤੀ ਜਾਵੇਗੀ, ਜਦੋਂ ਤਕ ਕਿ ਤੁਸੀਂ ਸਾਨੂੰ ਦਸਦੇ ਨਹੀਂ।

### ਸਲਾਨਾਂ ਰਿਪੋਰਟ ਦਾਖਲ ਕਰਵਾ ਕੇ ਸਾਨੂੰ ਜਾਣਕਾਰੀ ਦਿਓ। ACNC ਰਜਿਸਟਰ ਹੋਈਆਂ ਸੰਸਥਾਵਾਂ

ਹਰ ਸਾਲ, ਸਮਾਂ ਖਤਮ ਹੋਣ ਦੇ 6 ਮਹੀਨੇ ਦੇ ਅੰਦਰ ACNC ਨੂੰ ਆਪਣੀ ਸਾਲਾਨਾ ਜਾਣਕਾਰੀ ਰਿਪੋਰਟ ਭੇਜਣ ਦੀ ਲੋੜ ਹੈ।

ਆਪਣੀ ਸੰਸਥਾ ਦੀ ਰਿਪੋਰਟ ਦੇ ਸਮੇਂ ਦਾ ਪਤਾ ਕਰੋ ਇਹ ਕਦੋਂ ਭੇਜਣੀ ਹੈ। ਜੇ ਇਹ 1 ਜੁਲਾਈ ਤੋਂ 30 ਜੂਨ ਵਿਚ ਨਹੀਂ, ਤਾਂ ਤੁਹਾਨੂੰ ਸਾਨੂੰ ਦੱਸਣ ਦੀ ਲੋੜ ਹੈ।

ਸਾਲਾਨਾਂ ਜਾਣਕਾਰੀ ਰਿਪੋਰਟ ਵਿਚ ਸੰਸਥਾ ਦੀਆਂ ਬੀਤੇ ਸਾਲ ਦੀਆਂ ਗਤੀ-ਵਿਧੀਆਂ ਦਾ ਵੇਰਵਾ ਹੁੰਦਾ ਹੈ। ਇਸਦੇ ਕਾਰਜਬ ਨੇ ਭਾਈਚਾਰੇ ਦੀ ਕਿਦਾਂ ਸਹਾਇਤਾ ਕੀਤੀ ਹੈ ਅਤੇ ਇਸ ਵਿਚ ਵਿੱਤੀ ਜਾਣਕਾਰੀ ਦੀ ਮੰਗ ਵੀ ਕੀਤੀ ਹੁੰਦੀ ਹੈ। ਤੁਸੀਂ ਕਿੰਨੀ ਜਾਣਕਾਰੀ ਦੇਣੀ ਹੈ ਇਹ ਤੁਹਾਡੀ ਸੰਸਥਾ ਦੇ ਆਕਾਰ ਤੇ ਨਿਰਭਰ ਹੈ।

### ACNC ਰਜਿਸਟਰ ਨੂੰ ਸਮਝੋ

ACNC ਰਜਿਸਟਰ ਸਾਰੀਆਂ ਰਜਿਸਟਰਡ ਦਾਨੀ ਸੰਸਥਾਵਾਂ ਵਾਸਤੇ ਜਿਹੜੀਆਂ ACNC ਨਾਲ ਰਜਿਸਟਰ ਹਨ, ਮੁਫਤ ਜਨਤਕ ਖੋਜ ਆਨਲਾਈਨ ਡਾਟਾਬੇਸ ਹੈ। ਜੇ ਤੁਹਾਡੀ ਸੰਸਥਾ ਰਜਿਸਟਰ ਵਿਚ ਹੈ, ਜਨਤਕ ਮੈਂਬਰ (ਸੰਭਾਵੀ ਦਾਨ ਅਤੇ ਵਾਲੰਟੀਅਰ ਵੀ ਸ਼ਾਮਲ ਹਨ) ਤੁਹਾਡੀ ਸੰਸਥਾ ਬਾਰੇ ਵੀ ਆਮ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਜਿਵੇਂ ਇਸ ਦੇ ਚੈਰੀਟੇਬਲ ਮਕਸਦ ਕੀ ਹਨ, ਲਾਭ ਕਿਸਨੂੰ ਜਾਂਦਾ ਹੈ ਅਤੇ ਇਹ ਕਿਸ ਜਗ੍ਹਾ ਕੰਮ ਕਰ ਰਹੀ ਹੈ।

ACNC ਰਜਿਸਟਰ ਸੰਸਥਾ ਬਾਰੇ ਦਿਤੀ ਗਈ ਸਾਲਾਨਾ ਜਾਣਕਾਰੀ, ਬਿਆਨ ਦੇ ਨਾਲ ਨਾਲ ਗਵਰਨਿੰਗ ਦਸਤਾਵੇਜ਼ ਅਤੇ ਸਾਲਾਨਾ ਰਿਪੋਰਟ ਦੇ ਤੌਰ ਤੇ ਹੋਰ ਦਸਤਾਵੇਜਾਂ ਵਿਚ ਸ਼ਾਮਿਲ ਜਾਣਕਾਰੀ ਦੇ ਆਧਾਰ ਤੇ ਜਾਣਕਾਰੀ ਰੱਖਦਾ ਹੈ। ਤੁਸੀਂ ਆਪਣੀ ਸੰਸਥਾ ਦੀ ਕੁਛ ਜਾਣਕਾਰੀ ਰੋਕਣ (ਨਾਂ ਦੇਣ) ਵਾਸਤੇ ਅਰਜੀ ਦੇ ਸਕਦੇ ਹੋ।

### ਸੰਸਥਾ ਵਿਚ ਹੋਈਆਂ ਤਬਦੀਲੀਆਂ ਬਾਰੇ ACNC ਨੂੰ ਜਾਣਕਾਰੀ ਦਿਓ।

ਜਿੰਨੀ ਦੇਰ ਇਹ ਸੰਸਥਾ ਰਜਿਸਟਰ ਹੈ, ਇਸ ਵਿਚ ਹੋਈਆਂ ਮੁੱਖ ਤਬਦੀਲੀਆਂ (ਜਿਵੇਂ ਇਸਦਾ ਨਾਮ, ਸੰਚਾਲਕਾਂ ਦੇ ਨਾਮ ਆਦਿ) ਨੀਅਤ ਸਮੇਂ ਦੇ ਅੰਦਰ ACNC ਨੂੰ ਦਸੋ। ਤੁਸੀਂ ACNC ਦੀ ਪੋਰਟਲ, charity.acnc.gov.au. ਰਾਹੀਂ, ਤੁਸੀਂ ਆਨਲਾਈਨ ਤੇ ਆਪਣੇ ਦਾਨ ਦੇ ਵੇਰਵੇ ਅਪਡੇਟ ਕਰ ਸਕਦੇ ਹੋ।

### ਰਜਿਸਟਰ ਕਰਨ ਵਾਸਤੇ ਯੋਗਤਾ ਕਾਇਮ ਰੱਖੋ

ਇਹ ਯਕੀਨੀ ਬਣਾਓ ਕਿ ਤੁਹਾਡੀ ਸੰਸਥਾ ACNC ਦੇ ਨਾਲ ਰਜਿਸਟਰ ਹੋਣ ਲਈ ਹੱਕਦਾਰ ਹੈ ਜੇਕਰ ਇਹ:

- ਬਿਨਾਂ ਮੁਨਾਫੇ ਚਲ ਰਹੀ ਹੈ
- ਜਨਤਕ ਲਾਭ ਲਈ ਹੈ, ਜੋ ਕਿ ਇਕ ਚੈਰੀਟੇਬਲ ਮਕਸਦ ਹੈ
- ਪ੍ਰਸ਼ਾਸਨ ਮਿਆਰ ਤੇ ਪੂਰੀ ਉਤਰਦੀ ਹੈ, ਅਤੇ
- ਅੱਤਵਾਦੀ ਜਾਂ ਹੋਰ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਨਹੀਂ ਹੈ

> ਰਜਿਸਟਰਡ ਹੋਈਆਂ ਦਾਨ-ਸੰਸਥਾਵਾਂ ਦੇ ਚੱਲ ਰਹੇ ਫਰਜ਼ ‘ਤੇ ਇਸ ਬਾਰੇ ਹੋਰ ਪਤਾ ਕਰਨ ਲਈ acnc.gov.au, ਵੈਬਸਾਈਟ ਤੇ ਮੇਰੀ ਚੈਰਿਟੀ ਦਾ ਪ੍ਰਬੰਧ,’ਹੇਠ ਪਤਾ ਕਰੋ

## ਹੋਰ ਰੈਗੂਲੇਟਰਾਂ ਸਬੰਧੀ ਫਰਜ਼

ਦਾਨ-ਸੰਸਥਾਵਾਂ ਹੋਰਨਾ ਰੈਗੂਲੇਟਰਾਂ ਅਤੇ ਏਜੰਸੀਆਂ ਸਬੰਧੀ ਫਰਜ਼ ਜਾਰੀ ਰੱਖੇ ਜਾ ਸਕਦੇ ਹਨ, ਜੋ ਅਦਾਰੇ, ਰਾਜ ਅਤੇ ਇਲਾਕੇ ਵਿਚ ਸ਼ਾਮਿਲ ਐਸੋਸੀਏਸ਼ਨ ਰੈਗੂਲੇਟਰ ਦੇ ਤੌਰ ਤੇ ਹਨ। ACNC ਰਿਪੋਰਟਿੰਗ ਬਾਰੇ ਇਕਸਾਰ ਕੰਮ ਕਰਦੇ ਹਨ ਅਤੇ ਲਾਲ ਟੇਪ ਨੂੰ ਘੱਟਾਉਂਦੇ ਹਨ, ਮਿਸਾਲ ਦੇ ਤੌਰ ਤੇ ਦੂਜੀਆਂ ਏਜੰਸੀਆਂ ਵਿਚ ਦਾਖਲ ਹੋਈਆਂ ਰਿਪੋਰਟਾਂ ਨੂੰ ਸਵੀਕਾਰ ਕਰਕੇ।

> ACNC ਦੀ ਵੈਬਸਾਈਟ: acnc.gov.au ਤੇ ਜਾ ਕੇ ‘ਲਾਲ ਟੇਪ ਦੀ ਕਮੀਂ ਬਾਰੇ ਸਾਡਾ ਹੋਰ ਕੰਮ ਵੀ ਦੇਖੋ।

## ACNC ਰੈਗੂਲੇਟਰੀ ਪਹੁੰਚ

ACNC ਸਮਝਦੀ ਹੈ ਕਿ ਦਾਨ-ਸੰਸਥਾਵਾਂ ਨਾਲ ਜੁੜੇ ਬਹੁਤੇ ਲੋਕ ਇਮਾਨਦਾਰ ਹੁੰਦੇ ਹਨ ਅਤੇ ਸਹੀ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਸਾਡੀ ਪਹੁੰਚ ਸਿੱਖਿਆ ਅਤੇ ਸਮਰਥਨ ‘ਤੇ ਜ਼ੋਰ ਦੇ ਨਾਲ ਸ਼ੁਰੂ ਹੁੰਦੀ ਹੈ।

ਅਸੀਂ ਤੇਜੀ ਨਾਲ ਪੱਕਾ ਕੰਮ ਕਰਨਾਂ ਆਰੰਭ ਕਰਾਂਗੇ ਜਦੋਂ ਮਿਸਾਲ ਦੇ ਤੌਰ ਤੇ ACNC Act ਦੀ ਉਲੰਘਣਾ ਦੇ ਗੰਭੀਰ ਮਾੜੇ ਪ੍ਰਬੰਧ, ਗੰਭੀਰ ਗਬਨ ਜਾਂ ਗੰਭੀਰ ਸਬੂਤ ਮਿਲਦੇ ਹਨ।